ਵੱਲੋ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਵੱਲ

Reliance Jio,Infocom Limited,
3rd Ground Floor,Maker Chambers IV,
Nariman Point,Mumbai -4000021

ਮੀਮੋ ਨੰਬਰ 817          ਮਿਤੀ 04-05-17

ਵਿਸ਼ਾ:- **Request for Grant of right of way Permission for Laying Optical Fiber Cable along the route Malerkotla to Lohat-Baddi (MS-1 to 20.5)Malerkotla-Raikot road Approx length 20.5 Km.**

ਹਵਾਲਾ:- ਆਪ ਜੀ ਦਾ ਪੱਤਰ ਨੰਬਰ RJIL/OFC/ROW/NLD/ ਮਿਤੀ 21-11-2016

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਇਸ ਮੰਡਲ ਦੇ ਉਪ ਮੰਡਲ ਇੰਜੀਨੀਅਰ,ਪ੍ਰਾਂਤਕ ਉਪ ਮੰਡਲ, ਮਾਲੇਰਕੋਟਲਾ ਦੇ ਪੱਤਰ 17 ਮਿਤੀ 17-04-2017 ਰਾਹੀ ਕੀਤੀ ਗਈ ਰਿਪੋਰਟ ਅਨਸਾਰ ਹੇਠ ਲਿਖੀਆਂ ਸ਼ਰਤਾ ਤੇ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ:-

1. ਤੁਹਾਡੇ ਵੱਲੋ ਕੀਤਾ ਜਾਣ ਵਾਲਾ ਕੰਮ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰINFRA/GUIDELINES/TELE COM INFRASTRACTURE/ 13546-A Dated 5th 2013 ਦੇ ਦਿਸ਼ਾ ਨਿਰਦੇਸ਼ ਅਧੀਨ ਕੀਤਾ ਜਾਂਦਾ ਹੈ।
2. ਤੁਹਾਡੇ ਵੱਲੋ ਕੇਵਲ ਲਾਈਨ ਸੜਕ ਦੀ ਕੱਚੀ ਆਖਰੀ ਬਾਉਂਡਰੀ ਦੇ ਨਾਲ ਨਾਲ ਪਾਈ ਜਾਵੇ।ਸੜਕ ਅਤੇ ਬਰਮ ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਨਾ ਪਹੁੰਚਾਈਆ ਜਾਵੇ।
3. ਤੁਹਾਡੇ ਵੱਲੋ ਤਾਰ ਪਾਉਣ ਸਮੇਂ ਆਵਾਜਾਈ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ ।
4. ਤਾਰ ਪਾਉਣ ਤੋ ਬਾਅਦ ਟਨਲ ਪਿਟ ਦੀ ਕੀਤੀ ਖੁਦਾਈ ਦੀ ਮਿੱਟੀ ਨੂੰ ਲੇਅਰ ਵਾਈਜ ਕੰਪੈਕਟ ਕਰਕੇ ਭਰ ਦਿੱਤਾ ਜਾਵੇ।
5. ਤੁਹਾਡੇ ਵੱਲੋ ਪਾਈ ਗਈ ਕੇਬਲ ਦੇ ਨਾਲ ਜੇਕਰ ਕਿਸੇ ਹੋਰ ਏਜੰਸੀ ਵੱਲੋ ਕੇਬਲ ਪਾਉਣ ਦੀ ਮੰਨਜੂਰੀ ਲਈ ਜਾਂਦੀ ਹੈ ਤਾਂ ਤੁਹਾਨੂੰ ਇਸ ਤੇ ਕੋਈ ਇਤਰਾਜ ਨਹੀ ਹੋਵੇਗਾ।
6. ਤੁਹਾਡੇ ਵੱਲੋ ਕੇਬਲ ਪਾਉਣ ਸਮੇਂ ਜੇਕਰ ਕਿਸੇ ਦੀ ਬਾਹਰੀ ਪ੍ਰੋਪਰਟੀ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਸ ਦੀ ਜਿੰਮੇਵਾਰੀ ਤੁਹਾਡੀ ਆਪਣੀ ਹੋਵੇਗੀ।
7. ਤੁਹਾਡੇ ਵੱਲੋ ਪਾਈ ਗਈ ਕੇਬਲ ਦੇ ਜੇਕਰ ਰੇਟ ਵੱਧਦੇ ਹਨ ਤਾਂ ਉਸਦੇ ਵਿਰੁੱਧ ਬਣਦੀ ਰਕਮ ਜਮ੍ਹਾਂ ਕਰਵਾਉਣੀ ਲਾਜਮੀ ਹੋਵੇਗੀ।
8. ਇਹ ਮੰਨਜੂਰੀ ਮਿਉਂਸੀਪਲ ਕਮੇਟੀ,ਨਗਰ ਪੰਚਾਇਤ ਮਿਉਂਸੀਪਲ ਕਾਰਪੋਰੇਸ਼ਨ ਨੋਟੀਫਾਈਡ ਏਰੀਆ ਕਮੇਟੀ ਦੀ ਲਿਮਿਟ ਵਿੱਚ ਲਾਗੂ ਨਹੀ ਹੋਵੇਗੀ।

ਜੇਕਰ ਤੁਹਾਡੇ ਵੱਲੋ ਉਕਤ ਸ਼ਰਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਮੰਨਜੂਰੀ ਰੱਦ ਕਰ ਦਿੱਤੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਮਿਤੀ

ਪਿੱਠ ਅੰਕਣ ਨੰਬਰ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ,ਪ੍ਰਾਂਤਕ ਉਪ ਮੰਡਲ,ਮਾਲੇਰਕੋਟਲਾ ਨੂੰ ਉਨ੍ਹਾਂ ਦੇ ਪੱਤਰ ਨੰਬਰ -17 ਮਿਤੀ 17-04-2017 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

08-05-2017 15:49